# ਪੀ.ਜੀ.ਐਸ ਗੌਰਮਿੰਟ ਕਾਲਜ ਆਫ਼ ਫ਼ਿਜੀਕਲ ਐਜੂਕੇਸ਼ਨ,ਪਟਿਆਲਾ

## ਸੈਸ਼ਨ 2019-20 ਦੀਆਂ ਅਖੀਰਲੇ ਸਮੈਸਟਰ/ਸਾਲ ਦੇ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਲਈ ਹਦਾਇਤਾਂ

ਕੋਵਿਡ-19 ਮਹਾਂਮਾਰੀ ਦੀ ਮੌਜੂਦਾ ਸਥਿਤੀ ਦੇ ਮੱਦੇ ਨਜ਼ਰ ਸਮਾਜਿਕ ਦੂਰੀ ਅਤੇ ਸੁਰੱਖਿਆ/ਸਿਹਤ ਨੂੰ ਲੈ ਕੇ ਸਰਕਾਰੀ ਨਿਯਮਾਂ/ਹਦਾਇਤਾਂ ਅਨੁਸਾਰ ਅਕਾਦਮਿਕ ਸੈਸ਼ਨ 2019-2020 ਦੇ ਅਖੀਰਲੇ ਸਮੈਸਟਰ/ਸਾਲ ਦੇ ਵਿਦਿਆਰਥੀਆਂ ਦੀਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰੀਖਿਆਵਾਂ ਕਰਵਾਈਆਂ ਜਾ ਰਹੀਆਂ ਹਨ ਜਿਸ ਸੰਬੰਧੀ ਦੀਆਂ ਹੇਠ ਲਿਖੀਆਂ ਹਦਾਇਤਾਂ ਅਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ।

1. ਪੰਜਾਬੀ ਯੂਨੀਵਰਸਿਟੀ ਵੱਲੋਂ ਅਖੀਰਲੇ ਸਮੈਸਟਰ/ਸਾਲਾਂ ਦੀਆਂ ਕਲਾਸਾਂ ਲਈ ਕਰਵਾਈਆਂ ਜਾ ਰਹੀਆਂ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਨੂੰ ਆਪਣੇ ਰੋਲ ਨੰਬਰ ਡਾਊਨਲੋਡ ਕਰਨ ਦੀ ਸੁਵਿਧਾ ਪੰਜਾਬੀ ਯੂਨੀਵਰਸਿਟੀ ਦੀ ਵੈਬਸਾਇਟ http://pupexamination.ac.in ਤੇ ਮੁਹੱਇਆ ਕਰਵਾਈ ਜਾ ਚੁੱਕੀ ਹੈ ਅਤੇ ਵਿਦਿਆਰਥੀ ਆਪਣੇ ਰੋਲ ਨੰਬਰ ਉੱਥੋਂ ਡਾਊਨਲੋਡ ਕਰ ਸਕਦੇ ਹਨ।

2. ਡੇਟਸ਼ੀਟ ਅਨੁਸਾਰ ਪ੍ਰਸ਼ਨ-ਪੱਤਰ ਪ੍ਰੀਖਿਆ ਦੇ ਦਿਨ ਸੰਬੰਧਤ ਗਰੁੱਪ ਅਧਿਆਪਕ ਵਲੋਂ ਕਲਾਸ ਦੇ ਵਟਸਐਪ ਗਰੁੱਪ ਰਾਹੀਂ ਭੇਜਿਆ ਜਾਵੇਗਾ।

3. Under Graduate Class ਦੀ ਪ੍ਰੀਖਿਆ ਦਾ ਸਮਾਂ ਸਵੇਰ 10.00 ਵਜੇ ਤੋਂ 2.00 ਵਜੇ ਅਤੇ Post Graduation ਦਾ ਸਮਾਂ 9.00 ਸਵੇਰ ਤੋਂ 1.00 ਵਜੇ ਤੱਕ ਹੋਵੇਗਾ।

4. ਹਰੇਕ ਵਿਦਿਆਰਥੀ ਨੇ ਪ੍ਰਸ਼ਨ-ਪੱਤਰ ਹੱਲ ਕਰਨ ਲਈ A-4 ਸ਼ੀਟ ਦੀਆਂ ਵੱਧ ਤੋਂ ਵੱਧ 16 ਸ਼ੀਟਾਂ ਦੀ ਵਰਤੋਂ ਕਰਨੀ ਹੈ। ਉਮੀਦਵਾਰ ਹਰ ਪੰਨੇ ਦੇ ਇੱਕ ਹੀ ਪਾਸੇ ਹੀ ਲਿਖੇਗਾ ਅਤੇ ਨਮੂਨਾ ਉੱਤਰ-ਸ਼ੀਟ ਦੇ ਅਨੁਸਾਰ ਹਰ ਸ਼ੀਟ ਉੱਤੇ ਕਲਾਸ/ਰੋਲ ਨੰਬਰ/ਵਿਸ਼ਾ/ਮੀਡੀਅਮ/ਵਰਤੇ ਗਏ ਪੰਨੇ/ਮਿਤੀ ਬਾਰੇ ਲਿਖੇਗਾ ਅਤੇ ਆਪਣੇ ਹਸਤਾਖਰ ਕਰੇਗਾ।

5. ਵਿਦਿਆਰਥੀ ਵੱਲੋਂ ਪੇਪਰ ਹੱਲ ਕਰਨ ਲਈ ਸਿਰਫ ਨੀਲੇ ਬਾਲ ਪੈਨ ਦੀ ਵਰਤੋਂ ਹੀ ਕੀਤੀ ਜਾਵੇ।

6. ਵਿਦਿਆਰਥੀ Answer –Sheet ਦੇ ਪਹਿਲੇ ਪੰਨੇ ਤੇ ਵਰਤੋਂ ਵਿੱਚ ਲਿਆਂਦੇ ਕੁੱਲ ਪੰਨੇ ਦਰਸਾਏਗਾ। ਵਿਦਿਆਰਥੀ ਵੱਲੋਂ ਹੱਲ ਕੀਤੇ ਆਖਰੀ ਉੱਤਰ-ਸ਼ੀਟ ਤੇ ਤਸਦੀਕ ਕੀਤਾ ਜਾਵੇ ਕਿ **ਇਹ ਪੇਪਰ ਮੇਰਾ ਖੁਦ ਦਾ ਹੱਥ ਲਿਖਤ ਹੈ**। ਵਿਦਿਆਰਥੀ ਹਰੇਕ ਪੰਨੇ ਤੇ ਕ੍ਰਮ ਅਨੁਸਾਰ ਪੰਨਾ ਨੰਬਰ ਲਿਖੇਗਾ। ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਮੂਨਾ ਸ਼ੀਟ ਦੇ ਮੁਤਾਬਿਕ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਉੱਤਰ ਪੰਨੇ ਦਿੱਤੇ ਗਏ ਫਾਰਮੈਟ ਦੇ ਅਨੁਸਾਰ ਤਿਆਰ ਕਰਕੇ ਰੱਖ ਲੈਣ।

7. ਪੇਪਰ ਹੱਲ ਕਰਨ ਲਈ 02 ਘੰਟੇ 30 ਮਿੰਟ ਦਾ ਸਮਾਂ ਹੋਵੇਗਾ। ਇਸ ਤੋਂ ਇਲਾਵਾ ਉਮੀਦਵਾਰ ਨੂੰ ਪ੍ਰਸ਼ਨ-ਪੱਤਰ ਡਾਊਨਲੋਡ, ਉੱਤਰ-ਸ਼ੀਟ ਸਕੈਨ ਕਰਕੇ ਈ-ਮੇਲ ਰਾਹੀਂ ਭੇਜਣ ਲਈ 01 ਘੰਟਾ ਅਤੇ 30 ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਇਸ ਤਰ੍ਹਾਂ ਸਾਰੀ ਪ੍ਰਕਿਰਿਆ ਲਈ ਕੁੱਲ 04 ਘੰਟੇ ਦਾ ਸਮਾਂ ਹੋਵੇਗਾ।

8. ਹਰੇਕ ਵਿਦਿਆਰਥੀ ਵੱਲੋਂ ਪ੍ਰਸ਼ਨ-ਪੱਤਰ ਦੇ ਕੁੱਲ ਪ੍ਰਸ਼ਨਾਂ ਦਾ 50 ਪ੍ਰਤੀਸ਼ਤ ਪੇਪਰ ਹੱਲ ਕਰਨਾ ਹੋਵੇਗਾ। ਸਾਰੇ ਪ੍ਰਸ਼ਨਾਂ ਦੇ ਨੰਬਰ ਬਰਾਬਰ ਹੋਣਗੇ ਅਤੇ ਪ੍ਰਸ਼ਨ ਪੱਤਰ ਦੇ ਕੁੱਲ ਅੰਕ ਉਹੀ ਹੋਣਗੇ ਜੋ ਪ੍ਰਸ਼ਨ-ਪੱਤਰ ਉੱਪਰ ਅੰਕਿਤ ਹਨ। ਪ੍ਰਸ਼ਨ-ਪੱਤਰ ਦੇ ਸੈਕਸ਼ਨ ਸਬੰਧੀ ਹਦਾਇਤਾਂ ਅਤੇ ਲਾਜ਼ਮੀ ਪ੍ਰਸ਼ਨਾਂ ਦੀ ਹਦਾਇਤ ਜੇਕਰ ਕੋਈ ਹੋਵੇ, ਨਜ਼ਰ-ਅੰਦਾਜ਼ ਕਰ ਦਿੱਤੀਆਂ ਜਾਣ। ਜੇਕਰ ਪ੍ਰਸ਼ਨ ਦੇ ਸਾਹਮਣੇ ਅੰਕ ਦਰਸਾਏ ਹਨ ਤਾਂ ਉਸਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਜਾਵੇ। ਉਦਾਹਰਣ ਦੇ ਤੌਰ ਤੇ ਜੇਕਰ ਪ੍ਰਸ਼ਨ ਪੱਤਰ ਵਿੱਚ 3 ਸੈਕਸ਼ਨਾਂ ਵਿੱਚ 4-4 ਪ੍ਰਸ਼ਨ ਹਨ ਅਤੇ ਇੱਕ ਛੋਟੇ ਪ੍ਰਸ਼ਨਾਂ ਵਾਲਾ ਸੈਕਸ਼ਨ ਹੈ ਅਤੇ ਕੁੱਲ ਅੰਕ 100 ਹਨ ਤਾਂ ਕੁੱਲ 9 ਪ੍ਰਸ਼ਨਾਂ ਵਿੱਚੋਂ ਵਿਦਿਆਰਥੀ ਕੋਈ 04 ਪ੍ਰਸ਼ਨ ਹੀ ਹੱਲ ਕਰੇਗਾ।ਉਦਾਹਰਣ ਦੇ ਤੌਰ ਤੇ ਪ੍ਰਸ਼ਨ-ਪੱਤਰ ਵਿੱਚ ਕੁੱਲ ਪ੍ਰਸ਼ਨਾਂ ਦੀ ਗਿਣਤੀ ਅਤੇ ਵਿਦਿਆਰਥੀ ਦੁਆਰਾ ਹੱਲ ਕੀਤੇ ਜਾਣ ਵਾਲੇ ਪ੍ਰਸ਼ਨਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੋਵੇਗੀ।

| ਪ੍ਰਸ਼ਨ ਪੱਤਰ ਵਿੱਚ ਕੁੱਲ ਪ੍ਰਸ਼ਨ | ਵਿਦਿਆਰਥੀਆਂ ਵੱਲੋਂ ਹੱਲ ਕੀਤੇ ਜਾਣ ਵਾਲੇ ਪ੍ਰਸ਼ਨਾਂ ਦੀ ਗਿਣਤੀ |
|---|---|
| 10 | 5 |
| 9 | 4 |
| 8 | 4 |
| 7 | 3 |
| 6 | 3 |
| 5 | 2 |
| 4 | 2 |

9. ਪੇਪਰ ਹੱਲ ਕਰਨ ਤੋਂ ਬਾਅਦ ਉਮੀਦਵਾਰ ਨਿਰਧਾਰਿਤ ਸਮੇਂ ਵਿੱਚ ਹਰ ਸ਼ੀਟ ਨੂੰ ਕ੍ਰਮ ਅਨੁਸਾਰ ਸਕੈਨ ਕਰਕੇ ਇੱਕ PDF ਫਾਈਲ ਬਣਾਏਗਾ ਅਤੇ ਇਸ ਫਾਈਲ ਨੂੰ ਵਿਭਾਗ/ਕਾਲਜ ਵੱਲੋਂ ਦਿੱਤੀ ਈ-ਮੇਲ ਰਾਹੀਂ ਫਾਈਲ ਅਟੈਚ ਕਰਕੇ ਭੇਜੇਗਾ। PDF ਫਾਈਲ ਬਣਾਉਣ ਲਈ ਵਿਦਿਆਰਥੀ Play Store / App Store ਵਿੱਚ ਉਪਲਬਧ Adobe Scan App / Cam Scanner ਦਾ ਇਸਤੇਮਾਲ ਕਰ ਸਕਦਾ ਹੈ। PDF ਫਾਈਲ ਦੀ ਕਾਪੀ ਪੜ੍ਹਨਯੋਗ ਹੋਣੀ ਚਾਹੀਦੀ ਹੈ ਨਹੀਂ ਤਾਂ ਵਿਦਿਆਰਥੀ ਦਾ ਪੇਪਰ ਰੱਦ ਕਰ ਦਿੱਤਾ ਜਾਵੇਗਾ।

10. ਜੇਕਰ ਵਿਦਿਆਰਥੀ ਕੋਲ ਅਜਿਹੇ ਸਾਧਨ ਮੌਜੂਦ ਨਹੀਂ ਹਨ ਕਿ ਉਹ ਉੱਤਰ-ਸ਼ੀਟਾਂ ਨੂੰ ਸਕੈਨ ਕਰਕੇ PDF ਬਣਾ ਕੇ ਫਾਈਲ ਭੇਜ ਸਕੇ ਤਾਂ ਉਹ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਨੇੜੇ ਦੇ ਵਿਭਾਗ/ਕਾਲਜ/ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ/ਰਿਜ਼ਨਲ ਸੈਂਟਰ ਵਿੱਚ ਆਪਣੀ ਉੱਤਰ-ਸ਼ੀਟਾਂ ਨਿਰਧਾਰਿਤ ਸਮੇਂ ਵਿੱਚ ਜਮ੍ਹਾਂ ਕਰਵਾ ਸਕਦਾ ਹੈ। ਵਿਭਾਗਾਂ ਦੇ ਮੁਖੀਆਂ ਅਤੇ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕੋਈ ਵਿਦਿਆਰਥੀ ਉਨਾਂ ਕੋਲ ਆਪਣੀਆਂ ਉੱਤਰ-ਸ਼ੀਟਾਂ ਨਿਰਧਾਰਿਤ ਸਮੇਂ ਵਿੱਚ ਜਮ੍ਹਾਂ ਕਰਵਾਉਣ ਆਉਂਦਾ ਹੈ ਤਾਂ ਉਸ ਨੂੰ ਪ੍ਰਾਪਤ ਕਰਕੇ ਵਿਦਿਆਰਥੀਆਂ ਨੂੰ ਰਸੀਦ ਦੇ ਦਿੱਤੀ ਜਾਵੇ। ਇਸ ਤਰ੍ਹਾਂ ਦੀਆਂ ਸ਼ੀਟਾਂ ਲਈ ਅਗਲੇਰੀ ਕਾਰਵਾਈ ਆਪ ਜੀ ਨੂੰ ਜਲਦੀ ਹੀ ਸੂਚਿਤ ਕਰ ਦਿੱਤਾ ਜਾਵੇਗਾ। ਜੇਕਰ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਕੋਈ ਵੀ ਕਾਲਜ ਨੇੜੇ ਨਹੀਂ ਹੈ ਤਾਂ ਵਿਦਿਆਰਥੀ ਵੱਲੋਂ ਆਪਣੀ ਉੱਤਰ-ਸ਼ੀਟਾਂ ਨਿਰਧਾਰਿਤ ਸਮੇਂ ਵਿੱਚ ਸਬੰਧਿਤ ਕਾਲਜ ਦੇ ਪ੍ਰਿੰਸੀਪਲ/ਵਿਭਾਗ ਦੇ ਮੁਖੀ ਨੂੰ ਰਜਿਸਟਰਡ ਡਾਕ ਜਾਂ ਸਪੀਡ ਪੋਸਟ ਰਾਹੀਂ ਭੇਜੇਗਾ। ਉਹ ਵਿਦਿਆਰਥੀ ਜੋ ਰੀ-ਅਪੀਅਰ ਦੇ ਪੇਪਰ ਦੇ ਰਹੇ ਹਨ, ਆਪਣੇ ਸਬੰਧਿਤ ਵਿਭਾਗ/ਕਾਲਜ ਨੂੰ ਆਪਣੀਆਂ ਉੱਤਰ-ਸ਼ੀਟਾਂ ਭੇਜਣਗੇ। ਪ੍ਰਾਈਵੇਟ ਵਿਦਿਆਰਥੀ ਉੱਤਰ-ਸ਼ੀਟਾਂ ਦੇ ਸਕੈਨ ਕੀਤੀ PDF ਫਾਈਲ ਉਨ੍ਹਾਂ ਦੇ ਐਡਮਿਟ ਕਾਰਡ ਉੱਪਰ ਲਿਖੇ ਈ-ਮੇਲ ਤੇ ਭੇਜਣਗੇ। ਜੇਕਰ ਅਜਿਹਾ ਸੰਭਵ ਨਹੀਂ ਤਾਂ ਉਹ ਆਪਣੇ ਉੱਤਰ-ਸ਼ੀਟਾਂ ਸਹਾਇਕ ਰਜਿਸਟਰਾਰ, ਸੀਕਰੇਸੀ ਬ੍ਰਾਂਚ, ਪ੍ਰੀਖਿਆ ਸ਼ਾਖਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 147002 ਨੂੰ ਰਜਿਸਟਰਡ ਡਾਕ ਜਾਂ ਸਪੀਡ ਪੋਸਟ ਰਾਹੀਂ ਭੇਜਣਗੇ।

11. ਪ੍ਰੀਖਿਆਵਾਂ ਸਬੰਧੀ ਸਮੇਂ-ਸਮੇਂ ਜਾਰੀ ਗਾਈਡਲਾਈਨਜ਼ ਲਈ ਵਿਦਿਆਰਥੀ ਆਪਣੇ ਵਿਭਾਗ/ਕਾਲਜ ਦੇ ਸੰਪਰਕ ਵਿੱਚ ਰਹਿਣਗੇ ਅਤੇ ਯੂਨੀਵਰਸਿਟੀ ਵੈਬਸਾਈਟ ਅਤੇ ਕਾਲਜ ਵੈਬਸਾਈਟ ਨੂੰ ਸਮੇਂ-ਸਮੇਂ ਦੇਖਣਾ ਉਨ੍ਹਾਂ ਲਈ ਲਾਜ਼ਮੀ ਹੋਵੇਗਾ।

12. ਇਸ ਸੈਸ਼ਨ ਦੀਆਂ ਪ੍ਰੀਖਿਆਵਾਂ ਦੀਆਂ ਉੱਤਰ-ਕਾਪੀਆਂ ਲਈ ਪੁਨਰ-ਮੁਲਾਂਕਣ, ਰੀ-ਚੈਕਿੰਗ ਦੀ ਸੁਵਿਧਾ ਨਹੀਂ ਹੋਵੇਗੀ।

13. ਜਿਸ ਵਿਦਿਆਰਥੀ ਨੇ ਆਖਰੀ ਸਮੈਸਟਰ ਲਈ ਪ੍ਰੀਖਿਆ ਫੀਸ ਅਤੇ ਫਾਰਮ ਜਮ੍ਹਾਂ ਕਰਵਾਇਆ ਹੈ ਪ੍ਰੰਤੂ ਉਹ ਕੰਟੇਨਮੈਂਟ ਏਰੀਆ ਵਿੱਚ ਰਹਿਣ ਜਾਂ ਕੋਰੋਨਾ ਪੋਜੀਟਿਵ ਹੋਣ ਕਾਰਨ ਪ੍ਰੀਖਿਆ ਨਹੀਂ ਦੇ ਸਕਦਾ ਤਾਂ ਉਹ ਇਸ ਬਾਰੇ ਯੂਨੀਵਰਸਿਟੀ, ਵਿਭਾਗ ਜਾਂ ਸਬੰਧਤ ਕਾਲਜ ਨੂੰ ਲਿਖਤੀ ਜਾਂ ਈ-ਮੇਲ ਰਹੀਂ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਸੂਚਿਤ ਕਰਦਾ ਹੈ ਤਾਂ ਅਜਿਹੇ ਵਿਦਿਆਰਥੀ ਅਗਲੀਆਂ ਹੋਣ ਵਾਲੀਆਂ ਪ੍ਰੀਖਿਆਵਾਂ ਵਿੱਚ ਬੈਠ ਸਕਦੇ ਹਨ।

14. PDF ਫਾਈਲ ਭੇਜਣ ਲਈ ਕਲਾਸ ਵਾਈਜ਼ ਈ-ਮੇਲ ਲਿਸਟ ਹੇਠ ਲਿਖੇ ਅਨੁਸਾਰ ਹੈ।ਗਰੁਪ ਵਾਈਜ ਵਿਦਿਆਰਥੀ ਸਿਰਫ ਇਹਨਾਂ ਈ ਮੇਲ ਐਡਰੈਸਜ ਤੇ ਹੀ Answer-Sheet ਭੇਜਣ।

| **Class Name** | **Email Address** |
|---|---|
| Mped-2(2Year ) Group 1 | mpedgroup1final@gmail.com |
| Mped-2(2Year ) Group 2 | mpedgroup2final@gmail.com |
| Bped-2(2 Year) Group 1 | bpedgroup1final@gmail.com |
| Bped-2(2 Year) Group 2 | bpedgroup2final@gmail.com |
| Bped-2(2 Year) Group 3 | bpedgroup3final@gmail.com |
| Bped-2(2 Year) Group 4 | bpedgroup4final@gmail.com |
| Bped-4(4 Year) Group 1 | bped4group1final@gmail.com |
| Bped-4(4 Year) Group 2 | bped4group2final@gmail.com |